Punjabi - Number 50a
Child Immunization Series - January 2016

# ਤੁਹਾਡੇ ਬੱਚੇ ਦੀ ਸੁਰੱਖਿਆ ਪ੍ਰਣਾਲੀ ਅਤੇ ਵੈਕਸੀਨਾਂ

## Your Baby's Immune System and Vaccines

**ਆਪਣੇ ਬੱਚੇ ਦੀ ਰੱਖਿਆ ਕਰੋ। ਉਨ੍ਹਾਂ ਦੀਆਂ ਸਾਰੀਆਂ ਵੈਕਸੀਨਾਂ ਸਮੇਂ ਸਿਰ ਲਗਵਾਓ। ਵੈਕਸੀਨਾਂ ਮੁਫਤ ਹਨ। ਅਪੌਇੰਟਮੈਂਟ ਬਣਾਉਣ ਲਈ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਜਾਂ ਸਿਹਤ ਸੰਭਾਲ ਪ੍ਰਦਾਤਾ ਨੂੰ ਫੋਨ ਕਰੋ।**

| ਜਾਂਚੋ ਤੁਸੀਂ ਕੀ **ਜਾਣਦੇ** ਹੋ।<br>**ਵੈਕਸੀਨਾਂ ਅਤੇ ਸੁਰੱਖਿਆ ਪ੍ਰਣਾਲੀ ਬਾਰੇ ਹੇਠਾਂ ਦਿੱਤੇ ਸਵਾਲਾਂ ਦੇ ਜਵਾਬ ਹਾਂ ਜਾਂ ਨਾਂਹ ਵਿੱਚ ਦਿਓ।** | | |
|---|---|---|
| **ਮੈਂ ਜਾਣਦਾ/ਦੀ ਹਾਂ** ਕਿ ਮੇਰੇ ਬੱਚੇ ਲਈ ਸਾਰੀਆਂ ਵੈਕਸੀਨਾਂ ਸਮੇਂ ਸਿਰ ਲਗਵਾਉਣਾ ਜਰੂਰੀ ਕਿਉਂ ਹੈ। | **ਹਾਂ** | **ਨਹੀਂ** |
| **ਮੈਂ ਜਾਣਦਾ/ਦੀ ਹਾਂ** ਕਿ ਮੇਰਾ ਬੱਚਾ ਇੱਕ ਸਮੇਂ ਤੇ ਇੱਕ ਤੋਂ ਵੱਧ ਵੈਕਸੀਨ ਸੁਰੱਖਿਅਤ ਢੰਗ ਨਾਲ ਪ੍ਰਾਪਤ ਕਿਉਂ ਕਰ ਸਕਦਾ ਹੈ। | **ਹਾਂ** | **ਨਹੀਂ** |
| **ਮੈਂ ਜਾਣਦਾ/ਦੀ ਹਾਂ** ਕਿ ਮੇਰਾ ਬੱਚੇ ਨੂੰ ਬਿਮਾਰੀਆਂ ਤੋਂ ਬਚਾਅ ਵਾਸਤੇ ਟੀਕੇ ਲਗਵਾਉਣਾ ਉਨ੍ਹਾਂ ਨੂੰ ਗੰਭੀਰ ਬਿਮਾਰੀ ਤੋਂ ਬਚਾਉਣ ਦਾ ਉੱਤਮ ਢੰਗ ਹੈ। | **ਹਾਂ** | **ਨਹੀਂ** |
| **ਮੈਂ ਜਾਣਦਾ/ਦੀ ਹਾਂ** ਕਿ ਸੁਰੱਖਿਆ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ। | **ਹਾਂ** | **ਨਹੀਂ** |
| **ਮੈਂ ਜਾਣਦਾ/ਦੀ ਹਾਂ** ਕਿ ਵੈਕਸੀਨਾਂ ਸੁਰੱਖਿਆ ਪ੍ਰਣਾਲੀ ਦੇ ਨਾਲ ਕਿਵੇਂ ਕੰਮ ਕਰਦੀਆਂ ਹਨ। | **ਹਾਂ** | **ਨਹੀਂ** |
| **ਜੇ ਤੁਸੀਂ ਉੱਤੇ ਦਿੱਤਿਆਂ ਵਿਚੋਂ ਕਿਸੇ ਦਾ ਵੀ ਜਵਾਬ 'ਨਾ' ਵਿੱਚ ਦਿੱਤਾ ਹੈ, ਤਾਂ ਹੋਰ ਜਾਣਨ ਲਈ ਅਗੇ ਪੜ੍ਹੋ।** | | |

### ਸੁਰੱਖਿਆ ਪ੍ਰਣਾਲੀ ਕੀ ਹੈ ਅਤੇ ਉਹ ਕਿਵੇਂ ਕੰਮ ਕਰਦੀ ਹੈ?

ਤੁਸੀਂ ਵਾਇਰਸਾਂ ਅਤੇ ਵੈਕਸੀਨਾਂ, ਜਿੰਨਾਂ ਨੂੰ ਅਕਸਰ ਕੀਟਾਣੂ ਕਿਹਾ ਜਾਂਦਾ ਹੈ, ਬਾਰੇ ਸੁਣਿਆ ਹੋਏਗਾ। ਤੁਹਾਡੇ ਬੱਚੇ ਦੇ ਸਰੀਰ ਵਿੱਚ ਦਾਖਲ ਹੋਣ ਵਾਲੇ ਕਈ ਕੀਟਾਣੂ ਤੁਹਾਡੇ ਬੱਚੇ ਨੂੰ ਬਹੁਤ ਬਿਮਾਰ ਕਰ ਸਕਦੇ ਹਨ।

ਜਨਮ ਤੋਂ ਹੀ, ਸੁਰੱਖਿਆ ਪ੍ਰਣਾਲੀ ਹਾਨੀਕਾਰਕ ਕੀਟਾਣੂਆਂ ਤੋਂ ਤੁਹਾਡੇ ਬੱਚੇ ਦੀ ਰੱਖਿਆ ਕਰਦੀ ਹੈ। ਤੁਹਾਡੇ ਬੱਚੇ ਦੀ ਸੁਰੱਖਿਆ ਪ੍ਰਣਾਲੀ ਅੰਗਾਂ ਅਤੇ ਸੈੱਲਾਂ ਦੀ ਬਣੀ ਹੰਦੀ ਹੈ ਜਿਹੜੇ ਉਨ੍ਹਾਂ ਦੀ ਸੁਰੱਖਿਆ ਕਰਨ ਵਾਸਤੇ ਇਕੱਠੇ ਕੰਮ ਕਰਦੇ ਹਨ।

ਸੁਰੱਖਿਆ ਪ੍ਰਣਾਲੀ ਦੇ ਦੋ ਮਹੱਤਵਪੂਰਨ ਹਿੱਸੇ ਹਨ ਐਂਟੀਬਾਡੀਆਂ ਅਤੇ ਮੈਮਰੀ ਸੈੱਲ (ਯਾਦ ਰੱਖਣ ਵਾਲੀ ਸ਼ਕਤੀ ਵਾਲੇ ਕੋਸ਼ਾਣੂ)। ਐਂਟੀਬਾਡੀਆਂ ਹਾਨੀਕਾਰਕ ਕੀਟਾਣੂਆਂ ਨੂੰ ਮਾਰਨ ਵਿੱਚ ਸਹਾਇਤਾ ਕਰਦੀਆਂ ਹਨ। ਮੈਮਰੀ ਸੈੱਲ ਸੁਰੱਖਿਆ ਪ੍ਰਣਾਲੀ ਨੂੰ ਤੇਜ਼ੀ ਨਾਲ ਵਿਗਾੜ ਦਾ ਜਵਾਬ ਦੇਣ ਅਤੇ ਬਿਮਾਰੀ ਨੂੰ ਰੋਕਣ ਵਿੱਚ ਸਹਾਇਤਾ ਕਰਦੇ ਹਨ।.

### ਵੈਕਸੀਨ ਕਿਵੇਂ ਕੰਮ ਕਰਦੀ ਹੈ?

ਵੈਕਸੀਨਾਂ ਤੁਹਾਡੇ ਬੱਚੇ ਦੀ ਸੁਰੱਖਿਆ ਪ੍ਰਣਾਲੀ ਨੂੰ ਤੁਹਾਡੇ ਬੱਚੇ ਦੇ ਬਿਮਾਰੀ ਦਾ ਸ਼ਿਕਾਰ ਹੋਏ ਬਿਨਾਂ ਐਂਟੀਬਾਡੀਆਂ ਬਣਾਉਣ ਵਿੱਚ ਸਹਾਇਤਾ ਕਰਦੀਆਂ ਹਨ।

ਵੈਕਸੀਨਾਂ ਤੁਹਾਡੇ ਬੱਚੇ ਦੀ ਸੁਰੱਖਿਆ ਪ੍ਰਣਾਲੀ ਨੂੰ ਮੈਮਰੀ ਸੈੱਲ ਵੀ ਬਣਾਉਣ ਦਿੰਦੀਆਂ ਹਨ। ਵੈਕਸੀਨਾਂ ਦਿੱਤੇ ਜਾਣ ਤੋਂ ਬਾਅਦ, ਮੈਮਰੀ ਸੈੱਲ ਲੰਮੇ ਸਮੇਂ ਤੱਕ ਹਾਨੀਕਾਰਕ ਕੀਟਾਣੂਆਂ ਵਿਰੁੱਧ ਰੱਖਿਆ ਕਰਨਗੇ। ਉਦਹਾਰਣ ਲਈ, ਤੁਹਾਡੇ ਬੱਚੇ ਦੇ ਖਸਰਾ, ਕੰਨ ਪੇੜਿਆਂ ਅਤੇ ਰੂਬੈਲਾ ਵੈਕਸੀਨ ਦਿੱਤੇ ਜਾਣ ਤੋਂ ਬਾਅਦ ਉਹ ਬਿਮਾਰੀ ਤੋਂ ਬਚਾਅ ਲਈ ਟੀਕੇ ਲਗਾਏ ਜਾਣ ਤੋਂ ਲੰਮੇ ਸਮੇਂ ਬਾਅਦ ਤੱਕ ਇੰਨ੍ਹਾਂ ਬਿਮਾਰੀਆਂ ਤੋਂ ਰੱਖਿਆ ਕਰਨ ਵਾਸਤੇ ਮੈਮਰੀ ਸੈੱਲ ਵਿਕਸਤ ਕਰ ਲੈਂਦੇ ਹਨ।

### ਕੀ ਮੇਰੇ ਬੱਚੇ ਨੂੰ ਇੱਕੋ ਸਮੇਂ ਤੇ ਇੱਕ ਤੋਂ ਵੱਧ ਵੈਕਸੀਨ ਦਿੱਤੀ ਜਾ ਸਕਦੀ ਹੈ?

ਹਾਂ। ਤੁਹਾਡੇ ਬੱਚੇ ਦੀ ਸੁਰੱਖਿਆ ਪ੍ਰਣਾਲੀ ਵਿਸਮੈਕਾਰੀ ਹੈ। ਜਨਮ ਤੋਂ ਬਾਅਦ ਹਰ ਦਿਨ, ਬੱਚੇ ਦਾ ਸਰੀਰ ਹਜ਼ਾਰਾਂ ਕੀਟਾਣੂਆਂ ਵਿਰੁੱਧ ਆਪਣੀ ਰੱਖਿਆ ਕਰਦਾ ਹੈ। ਕੀਟਾਣੂ ਹਵਾ, ਭੋਜਨ, ਪਾਣੀ ਵਿੱਚ, ਅਤੇ ਵਸਤੂਆਂ ਤੇ ਹਨ।

ਇੱਕੋ ਸਮੇਂ ਤੇ ਇੱਕ ਤੋਂ ਵੱਧ ਵੈਕਸੀਨ ਪ੍ਰਾਪਤ ਕਰਨਾ ਸੁਰੱਖਿਆ ਪ੍ਰਣਾਲੀ ਨੂੰ ਕਮਜ਼ੋਰ ਨਹੀਂ ਕਰਦਾ ਹੈ। ਤੁਹਾਡੇ ਬੱਚੇ ਦੇ ਕਈ ਵੈਕਸੀਨਾਂ ਪ੍ਰਾਪਤ ਕਰਨ ਵੇਲੇ ਵੀ ਤੁਹਾਡੇ ਬੱਚੇ ਦੀ ਸੁਰੱਖਿਆ ਪ੍ਰਣਾਲੀ ਦਾ ਬਹੁਤ ਹੀ ਛੋਟਾ ਹਿੱਸਾ ਸਮੇਂ ਦੀ ਛੋਟੀ ਮਿਆਦ ਵਾਸਤੇ ਵਰਤਿਆ ਜਾਂਦਾ ਹੈ।

### ਮੇਰੇ ਬੱਚੇ ਲਈ ਸਮੇਂ ਸਿਰ ਵੈਕਸੀਨਾਂ ਲਗਵਾਉਣਾ ਮਹੱਤਵਪੂਰਨ ਕਿਉਂ ਹੈ?

ਵੈਕਸੀਨ ਉਸ ਵੇਲੇ ਉਤੱਮ ਕੰਮ ਕਰਦੀਆਂ ਹਨ ਜਦੋਂ ਉਨ੍ਹਾਂ ਨੂੰ ਸਮੇਂ ਸਿਰ ਦਿੱਤਾ ਜਾਂਦਾ ਹੈ। ਆਪਣੇ ਬੱਚੇ ਦੀ ਜਿੰਨੀ ਜਲਦੀ ਸੰਭਵ ਹੋਏ ਰੱਖਿਆ ਕਰਨ ਵਾਸਤੇ ਤੁਹਾਡੇ ਬੱਚੇ ਨੂੰ 2 ਮਹੀਨੇ ਦੀ ਉਮਰ ਤੇ ਸ਼ੁਰੂਆਤ ਕਰਕੇ ਉਨ੍ਹਾਂ ਦੀਆਂ ਵੈਕਸੀਨਾਂ ਮਿਲਣੀਆਂ ਚਾਹੀਦੀਆਂ ਹਨ। ਜਿਆਦਾਤਰ ਵੈਕਸੀਨਾਂ ਨੂੰ 1 ਖੁਰਾਕ ਤੋਂ ਵੱਧ ਦੀ ਤਰ੍ਹਾਂ ਜਾਂ ਇੱਕ ਤੋਂ ਵੱਧ ਵਾਰੀ ਦਿੱਤੇ ਜਾਣ ਦੀ ਲੋੜ ਹੁੰਦੀ ਹੈ। ਆਪਣੇ ਬੱਚੇ ਵਾਸਤੇ ਉਤੱਮ ਸੁਰੱਖਿਆ ਸੁਨਿਸ਼ਚਿਤ ਕਰਨ ਲਈ, ਖੁਰਾਕਾਂ 1 ਜਾਂ ਉਸ ਤੋਂ ਵੱਧ ਮਹੀਨਿਆਂ ਦੇ ਫਾਸਲੇ ਤੇ ਦਿੱਤੀਆਂ ਜਾਂਦੀਆਂ ਹਨ। ਉਦਹਾਰਣ ਲਈ, ਕਾਲੀ ਖਾਂਸੀ ਬੱਚਿਆਂ ਵਾਸਤੇ ਭਿਅੰਕਰ ਬਿਮਾਰੀ ਹੋ ਸਕਦੀ ਹੈ। ਬੱਚਿਆਂ ਨੂੰ ਕਾਲੀ ਖਾਂਸੀ ਵਿਰੁੱਧ ਸੁਰੱਖਿਆ ਵਿਕਸਤ ਕਰਨ ਲਈ 2 ਮਹੀਨੇ ਦੀ ਉਮਰ ਤੇ ਉਨ੍ਹਾਂ ਦੀ ਪਹਿਲੀ ਖੁਰਾਕ ਦੀ ਲੋੜ ਹੁੰਦੀ ਹੈ। 3 ਖੁਰਾਕਾਂ ਤੋਂ ਬਾਅਦ ਉਨ੍ਹਾਂ ਨੂੰ ਬਚਪਨ ਵਿੱਚ ਪੂਰੀ ਸੁਰੱਖਿਆ ਮਿਲ ਜਾਏਗੀ। 18 ਮਹੀਨਿਆਂ ਦੀ ਉਮਰ ਤੇ ਦਿੱਤੀ ਜਾਣ ਵਾਲੀ 4ਥੀ ਖੁਰਾਕ ਤੁਹਾਡੇ ਬੱਚੇ ਦੀ 4-6 ਸਾਲ ਦੀ ਉਮਰ ਤੇ ਦਿੱਤੀ ਵਾਲੀ ਅਗਲੀ ਖੁਰਾਕ ਤੱਕ ਜਾਰੀ ਰੱਖਿਆ ਪ੍ਰਦਾਨ ਕਰਨ ਵਾਲੀ ਬੂਸਟਰ ਖੁਰਾਕ ਹੈ।




### ਹੋਰ ਜਾਣਕਾਰੀ ਲਈ

ਬਚਪਨ ਵਿੱਚ ਇਮਿਊਨਾਈਜ਼ੇਸ਼ਨ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ, ਦੇਖੋ :

- HealthLinkBC File #50b ਇਮਿਊਨਾਈਜ਼ੇਸ਼ਨ ਕਰਵਾਉਣ ਦੇ ਤੁਹਾਡੇ ਬੱਚੇ ਨੂੰ ਫ਼ਾਇਦੇ
- HealthLinkBC File #50c ਬਚਪਨ ਦੇ ਵੈਕਸੀਨਜ਼ ਸੁਰੱਖਿਅਤ ਹਨ
- HealthLinkBC File #50d ਬਚਪਨ ਦੇ ਵੈਕਸੀਨਜ਼: ਵੈਕਸੀਨਜ਼ ਵਿਚ ਕੀ ਹੈ ਅਤੇ ਕਿਉਂ
- HealthLinkBC File #50e ਤੁਹਾਡੇ ਬੱਚੇ ਲਈ ਇਮਿਊਨਾਈਜ਼ੇਸ਼ਨ ਦਾ ਇੱਕ ਅੱਛਾ ਅਨੁਭਵ

BC Centre for Disease Control
An agency of the Provincial Health Services Authority